# ਭੇਤਦਾਰੀ

ਤੁਹਾਡੇ ਦੁਆਰਾ ਅੱਜ ਦਿੱਤੀ ਜਾਣ ਵਾਲੀ ਸਾਰੀ ਜਾਣਕਾਰੀ ਦੀ ਵਰਤੋਂ COVID-19 (ਕੋਵਿਡ-19) ਵੈਕਸੀਨੇਸ਼ਨ ਪ੍ਰੋਗਰਾਮ ਚਲਾਉਣ ਲਈ ਕੀਤੀ ਜਾਵੇਗੀ। ਸਹਿਮਤੀ ਫਾਰਮ ਤੋਂ ਮਿਲੀ ਜਾਣਕਾਰੀ ਅਤੇ ਦਿੱਤੇ ਗਏ ਜਾਂ ਛੱਡੇ ਗਏ ਹਰੇਕ ਪ੍ਰਤੀਰੱਖਿਅਣ ਦੇ ਵੇਰਵੇ ਸਿਹਤ ਮੰਤਰਾਲੇ ਦੁਆਰਾ COVID-19 (ਕੋਵਿਡ-19) ਪ੍ਰਤੀਰੱਖਿਅਣ ਰਜਿਸਟਰ ਵਿੱਚ ਰਿਕਾਰਡ ਕੀਤੇ ਜਾਣਗੇ।

ਇਸ ਜਾਣਕਾਰੀ ਦਾ ਵਰਤਾਰਾ ਸੰਭਾਲ ਨਾਲ ਇਹ ਸੁਨਿਸ਼ਚਤ ਕਰਨ ਲਈ ਕੀਤਾ ਜਾਵੇਗਾ ਕਿ ਸਿਹਤ ਮੰਤਰਾਲਾ ਇਸ ਦੀਆਂ ਜ਼ਿੰਮੇਵਾਰੀਆਂ ਨੂੰ ਭੇਤਦਾਰੀ ਐਕਟ 2020 ਅਤੇ ਸਿਹਤ ਜਾਣਕਾਰੀ ਭੇਤਦਾਰੀ ਕੋਡ 2020 ਅਧੀਨ ਪੂਰਾ ਕਰੇ।

**ਵੈਕਸੀਨੇਸ਼ਨ ਪ੍ਰੋਗਰਾਮ ਦੇ ਹਿੱਸੇ ਵਜੋਂ ਇਕੱਤਰ ਜਾਣਕਾਰੀ ਦੀ ਵਰਤੋਂ ਇਸ ਲਈ ਕੀਤੀ ਜਾ ਸਕਦੀ ਹੈ:**

- ਤੁਹਾਡੀ ਸਿਹਤ ਦੇ ਪ੍ਰਬੰਧਨ ਲਈ
- ਤੁਹਾਨੂੰ ਅਤੇ ਹੋਰਨਾਂ ਨੂੰ ਸੁਰੱਖਿਅਤ ਰੱਖਣ ਲਈ
- ਸਿਹਤ ਸੇਵਾਵਾਂ ਦੀ ਯੋਜਨਾਬੰਦੀ ਅਤੇ ਵਿੱਤ ਲਈ
- ਅਧਿਕਾਰਤ ਖੋਜ ਕਰਨ ਲਈ
- ਸਿਹਤ ਸੰਭਾਲ ਪੇਸ਼ੇਵਰਾਂ ਦੀ ਟ੍ਰੇਨਿੰਗ ਲਈ
- ਅੰਕੜਿਆਂ ਨੂੰ ਤਿਆਰ ਕਰਨ ਅਤੇ ਛਾਪਣ ਲਈ
- ਸਰਕਾਰੀ ਸੇਵਾਵਾਂ ਵਿੱਚ ਸੁਧਾਰ ਲਈ।

ਕੁਝ ਜਾਣਕਾਰੀ, ਜਿਵੇਂ ਕਿ ਵੈਕਸੀਨ ਦੀਆਂ ਪ੍ਰਤੀਕਿਰਿਆਵਾਂ ਬਾਰੇ ਜਾਣਕਾਰੀ, ਹੋਰ ਸੰਗਠਨਾਂ ਨਾਲ ਸਾਂਝੀ ਕੀਤੀ ਜਾਵੇਗੀ, ਜਿਹੜੇ ਸਿਹਤ ਸੇਵਾਵਾਂ ਪ੍ਰਦਾਨ ਕਰਦੇ ਹਨ, ਜਿਵੇਂ ਕਿ ਸੈਂਟਰ ਫਾਰ ਐਡਵਰਸ ਰਿਐਕਸ਼ਨਜ਼ ਮਾਨੀਟਰਿੰਗ।

**ਮਾਲਕਾਂ ਨਾਲ ਜਾਣਕਾਰੀ ਨੂੰ ਸਾਂਝਾ ਕਰਨਾ**

ਤੁਹਾਡਾ ਮਾਲਕ ਤੁਹਾਡੇ ਵੈਕਸੀਨ ਲਏ ਜਾਣ ਨੂੰ ਤਸਦੀਕ ਕਰਨ ਦੀ ਬੇਨਤੀ ਕਰ ਸਕਦਾ ਹੈ। ਉਹਨਾਂ ਨੂੰ ਪਹੁੰਚ ਬੇਨਤੀ ਕਰਨ ਲਈ COVID-19.privacy@health.govt.nz 'ਤੇ ਈਮੇਲ ਕਰਨੀ ਚਾਹੀਦੀ ਹੈ।

**ਹੋਰ ਜਾਣਕਾਰੀ**

ਇਸ ਬਾਰੇ ਹੋਰ ਜਾਣਕਾਰੀ ਲਈ ਕਿ ਕਿਵੇਂ ਸਿਹਤ ਮੰਤਰਾਲਾ ਤੁਹਾਡੀ ਜਾਣਕਾਰੀ ਦੀ ਸੁਰੱਖਿਆ ਕਰਦਾ ਹੈ, ਮੰਤਰਾਲੇ ਦੀ ਵੈਬਸਾਈਟ ਇੱਥੇ ਦੇਖੋ health.govt.nz/covid-vaccine-privacy ਜਾਂ ਈਮੇਲ ਕਰੋ COVID-19.privacy@health.govt.nz

New Zealand Government

Unite against COVID-19

MINISTRY OF HEALTH
MANATŪ HAUORA